# माई रतनो बालक आ तेरा

ਮਾਈ ਰਤਨੋ, ਬਾਲਕ ਆਹ ਤੇਰਾ, ਮਾਈ ਰਤਨੋ,,
ਮਾਈ ਰਤਨੋ, ਬਾਲਕ ਆਹ ਤੇਰਾ,
ਫ਼ਸਲਾਂ ਉਜਾੜ ਗਿਆ,
ਮਾਈ,,, ॥ ਕਿ ਵਰਜ਼ ਨਿਮਾਣੇ ਨੂੰ, ਸੁਣ ਮਾਈ x॥

ਮੰਗ ਰੋਟੀਆਂ, ਖਵਾਈਆਂ ਨਾਲੇ ਲੱਸੀਆਂ, ਮੰਗ ਰੋਟੀਆਂ,,
ਮੰਗ ਰੋਟੀਆਂ, ਖਵਾਈਆਂ ਨਾਲੇ ਲੱਸੀਆਂ,
ਜੱਗ ਵਾਲੇ ਮੇਹਣੇ ਮਾਰਦੇ,
ਬਾਲਕਾ,,, ॥ ਕਿ ਗਊਆਂ ਤੋਂ ਚਰਾਈਆਂ ਫਸਲਾਂ, ਵੇ ਕਾਹਨੂੰ ਬਾਲਕਾ x॥

ਪੁੱਤ ਸਮਝੇ, ਬੇਗਾਨਾ ਮੈਨੂੰ, ਪੁੱਤ ਸਮਝੇ,,
ਪੁੱਤ ਸਮਝੇ, ਬੇਗਾਨਾ ਮੈਨੂੰ,
ਲੋਕਾਂ ਪਿੱਛੇ ਮੰਦਾ ਬੋਲਦੀ,
ਮਾਈ,,,॥ ਕਿ ਹਰੀਆਂ ਕਚਾਰ ਫਸਲਾਂ, ਵੇਖ ਮਾਈ x॥

ਬਾਬਾ, ਚਿਮਟਾ ਜ਼ਮੀਨ ਤੇ ਮਾਰੇ, ਬਾਬਾ ਚਿਮਟਾ,,
ਬਾਬਾ, ਚਿਮਟਾ ਜ਼ਮੀਨ ਤੇ ਮਾਰੇ,
ਲੱਸੀ ਵਾਲਾ ਖੂਹ ਦੇਖਦੀ,
ਰਤਨੋ,,,॥ ਕਿ ਬੋਹੜ 'ਚੋਂ ਦਿਖਾਈਆਂ ਰੋਟੀਆਂ, ਮਾਈ ਰਤਨੋ x॥

ਲੇਖ਼ ਸੜ੍ਹ ਗਏ, ਤੱਤੀ ਦੇ ਮੇਰੇ, ਲੇਖ਼ ਸੜ੍ਹ ਗਏ,,
ਲੇਖ਼ ਸੜ੍ਹ ਗਏ, ਤੱਤੀ ਦੇ ਮੇਰੇ,
ਲੋਕਾਂ ਪਿੱਛੇ ਮੰਦਾ ਬੋਲਿਆ,
ਬੱਚਿਆ,,, ॥ ਕਿ ਪਿੰਡ ਸਾਰਾ ਝੂਠ ਬੋਲਦਾ, ਵੇ ਆਜਾ ਸੱਚਿਆ x॥

ਜੇ ਮੈਂ ਜਾਣਦੀ, ਜੋਗੀ ਨੇ ਤੁਰ ਜਾਣਾ, ਜੇ ਮੈਂ ਜਾਣਦੀ,,
ਜੇ ਮੈਂ ਜਾਣਦੀ, ਜੋਗੀ ਨੇ ਤੁਰ ਜਾਣਾ,
ਭੁੱਲ ਕੇ ਨਾ ਮੇਹਣੇ ਮਾਰਦੀ,
ਲੋਕੋ,,, ॥ ਕਿ ਜਾਂਦੇ ਬਾਲਕ ਨੂੰ, ਕੋਈ ਰੋਕੋ x॥

ਓਹਦੇ ਪੈਰੀਂ, ਚੰਦਨ ਦੇ ਪਊਏ, ਓਹਦੇ ਪੈਰੀਂ,,
ਓਹਦੇ ਪੈਰੀਂ, ਚੰਦਨ ਦੇ ਪਊਏ,
ਸਿਰ ਤੇ ਜਟਾਵਾਂ ਸੋਹੰਦੀਆਂ,
ਲੋਕੋ,,, ॥ ਕਿ ਨਿੱਕੇ ਜੇਹੇ ਬਾਲਕ ਨੂੰ, ਕੋਈ ਰੋਕੋ x॥

ਅੰਨ੍ਹ ਖਾਂਦਾ ਨਹੀਂ ਸੀ, ਜਲ ਨਹੀਂ ਸੀ ਪੀਂਦਾ, ਅੰਨ੍ਹ ਖਾਂਦਾ ਨਹੀਂ ਸੀ,,
ਅੰਨ੍ਹ ਖਾਂਦਾ ਨਹੀਂ ਸੀ, ਜਲ ਨਹੀਂ ਸੀ ਪੀਂਦਾ,
ਪੌਣਾਹਾਰੀ ਸਦਾ ਰਹਿੰਦਾ ਸੀ,
ਲੋਕੋ,,, ॥ ਕਿ ਜਾਂਦੇ ਬਾਲਕ ਨੂੰ, ਕੋਈ ਰੋਕੋ x॥

ਸੁੰਨ੍ਹਾ ਵੇਹੜਾ ਤੇ, ਉਦਾਸ ਮੱਝਾਂ ਗਊਆਂ, ਸੁੰਨ੍ਹਾ ਵੇਹੜਾ ਤੇ,,
ਸੁੰਨ੍ਹਾ ਵੇਹੜਾ ਤੇ, ਉਦਾਸ ਮੱਝਾਂ ਗਊਆਂ,

ਵਾਂਗ ਸ਼ੁਦਾਈਆਂ ਮੈਂ,
ਲੋਕੋ,,, ॥ ਕੀ ਰੁੱਸ ਗਿਆ ਨੂਰੀ ਬਲਕਾ, ਵੇ ਕੋਈ ਰੋਕੋ x॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27386/title/mayi-ratno-balak-aa-tera

अपने Android मोबाइल पर BhajanGanga App डाउनलोड करें और भजनों का आनंद ले |